# ਤੁਹਾਡਾ Wrekin ਸੂਚਨਾ-ਪੱਤਰ – ਨਵੰਬਰ 2021

## Covid-19 ਬਾਰੇ ਅੱਪਡੇਟ

ਤੁਹਾਨੂੰ ਅਤੇ ਆਪਣੇ ਅਮਲੇ ਨੂੰ ਸਲਾਮਤ ਰੱਖਣ ਦੁਆਰਾ, ਅਸੀਂ ਕੋਵਿਡ-ਸੁਰੱਖਿਅਤ ਤਰੀਕੇ ਨਾਲ ਆਪਣੀਆਂ ਸੇਵਾਵਾਂ ਦੀ ਅਦਾਇਗੀ ਕਰਨਾ ਜਾਰੀ ਰੱਖ ਰਹੇ ਹਾਂ। ਵਧੇਰੇ ਜਾਣਕਾਰੀ ਵਾਸਤੇ ਕਿਰਪਾ ਕਰਕੇ wrekin.com ਦੇਖੋ।

## ਵੇਇਨ ਦੇ Wrekin ਬਾਰੇ ਕੁਝ ਸ਼ਬਦ

ਸਾਡੇ ਪਿਛਲੇ ਸੰਸਕਰਣ ਤੋਂ ਲੈਕੇ, ਕੋਵਿਡ-ਪਾਬੰਦੀਆਂ ਨਰਮ ਕਰਨ ਦਾ ਮਤਲਬ ਸਾਡੇ ਵਿੱਚੋਂ ਕਈਆਂ ਲਈ ਸਾਧਾਰਨ ਜੀਵਨਸ਼ੈਲੀ 'ਤੇ ਵਾਪਸ ਆਉਣਾ, ਅਤੇ ਸਾਡੇ ਵੱਲੋਂ ਦਿੱਤੀਆਂ ਜਾਂਦੀਆਂ ਜ਼ਿਆਦਾਤਰ ਸੇਵਾਵਾਂ ਦਾ ਆਮ ਵਾਂਗ ਚਾਲੂ ਹੋਣਾ ਰਿਹਾ ਹੈ। ਹਾਲਾਂਕਿ, ਅਸੀਂ ਅਜੇ ਵੀ ਇਸ ਵਾਇਰਸ ਦੇ ਨਾਲ ਰਹਿ ਰਹੇ ਹਾਂ, ਇਸ ਲਈ ਅਸੀਂ ਆਪਣੇ ਖੇਤਰੀ ਦਫਤਰਾਂ ਨੂੰ ਦੁਬਾਰਾ-ਖੋਲ੍ਹਣ ਨੂੰ ਲੈਕੇ ਸਾਵਧਾਨੀ ਪੂਰਵਕ ਪਹੁੰਚ ਅਪਣਾਉਣ ਦਾ ਫੈਸਲਾ ਕੀਤਾ ਹੈ। ਅਸੀਂ ਆਪਣੇ ਭਾਈਚਾਰਿਆਂ ਵਿੱਚ ਅਜੇ ਵੀ ਭਾਰੀ ਸੰਖਿਆ ਵਿੱਚ ਕੋਵਿਡ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਾਂ, ਇਸ ਲਈ ਸਾਡਾ ਵਿਸ਼ਵਾਸ ਹੈ ਕਿ ਤੁਹਾਨੂੰ ਅਤੇ ਸਾਡੇ ਅਮਲੇ ਨੂੰ ਸੁਰੱਖਿਅਤ ਰੱਖਣ ਲਈ ਅਜਿਹਾ ਕਰਨਾ ਸਹੀ ਗੱਲ ਹੈ। ਅਸੀਂ ਇਹਨਾਂ ਉਪਾਵਾਂ ਦੀ ਬਕਾਇਦਾ ਆਧਾਰ 'ਤੇ ਸਮੀਖਿਆ ਕਰਦੇ ਰਹਿੰਦੇ ਹਾਂ, ਅਤੇ ਕਿਸੇ ਵੀ ਤਬਦੀਲੀਆਂ ਬਾਰੇ ਅਸੀਂ ਤੁਹਾਨੂੰ ਸੂਚਿਤ ਕਰੀ ਰੱਖਾਂਗੇ।

ਪਿਛਲੇ ਕੁਝ ਮਹੀਨੇ ਕਈ ਲੋਕਾਂ ਵਾਸਤੇ ਮੁਸ਼ਕਿਲ ਰਹੇ ਹਨ। ਊਰਜਾ ਦੀਆਂ ਵਧ ਰਹੀਆਂ ਕੀਮਤਾਂ ਦੇ ਨਾਲ-ਨਾਲ ਸਰਕਾਰ ਦੇ £20 ਦੀ ਯੂਨੀਵਰਸਲ ਕ੍ਰੈਡਿਟ ਅੱਪਲਿਫਟ ਹਟਾਉਣ ਦੇ ਫੈਸਲੇ – ਦਾ ਮਤਲਬ ਇਹ ਹੈ ਕਿ ਸਾਡੇ ਗਾਹਕਾਂ ਵਿੱਚੋਂ ਕਈ ਆਪਣੀ ਵਿੱਤੀ ਸਥਿਤੀ ਨੂੰ ਲੈਕੇ ਚਿੰਤਤ ਹਨ। ਸਾਡੀ ਮਨੀ ਮੈਟਰਜ਼ (Money Matters) ਟੀਮ ਮਦਦ ਕਰਨ ਲਈ ਉਪਲਬਧ ਹੈ – ਉਹ ਬਜਟ ਬਣਾਉਣ, ਕਰਜ਼ੇ ਸੰਬੰਧੀ ਸਲਾਹ ਅਤੇ ਤੁਹਾਡੀ ਆਮਦਨ ਵਧਾਉਣ ਦੇ ਤਰੀਕੇ ਲੱਭਣ ਵਿੱਚ ਸਹਾਇਤਾ ਕਰ ਸਕਦੇ ਹਨ।

ਇਸ ਵਕਤ ਜਲਵਾਯੂ ਤਬਦੀਲੀ ਵਿਚਾਰ-ਵਟਾਂਦਰੇ ਦਾ ਇੱਕ ਵੱਡਾ ਵਿਸ਼ਾ ਹੈ। Wrekin ਵਿਖੇ, ਅਸੀਂ 2050 ਤੱਕ ਜ਼ੀਰੋ ਕਾਰਬਨ ਨਿਕਾਸੀ ਹਾਸਲ ਕਰਨ ਲਈ ਦ੍ਰਿੜ ਸੰਕਲਪ ਹਾਂ, ਅਤੇ ਇਸ ਟੀਚੇ ਦੀ ਪੂਰਤੀ ਲਈ ਅਸੀਂ ਢੇਰ ਸਾਰਾ ਕੰਮ ਕਰਨਾ ਹੈ। ਇਸ ਸੰਸਕਰਣ ਵਿੱਚ, ਅਸੀਂ ਸਾਡੇ ਵੱਲੋਂ ਕੀਤੇ ਜਾ ਰਹੇ ਕੁਝ ਉਪਾਵਾਂ ਬਾਰੇ ਗੱਲ ਕਰਾਂਗੇ – ਜਿਨ੍ਹਾਂ ਵਿੱਚ ਸਾਡੇ ਮੌਜੂਦਾ ਅਤੇ ਨਵੇਂ ਦੋਨੋਂ ਕਿਸਮ ਦੇ ਘਰਾਂ ਨੂੰ ਵਧੇਰੇ ਊਰਜਾ ਸੁਯੋਗ ਬਣਾਉਣਾ ਸ਼ਾਮਲ ਹੈ। ਇਹ ਨਾ ਕੇਵਲ ਵਾਤਾਵਰਣ ਵਾਸਤੇ ਵਧੀਆ ਹੈ, ਸਗੋਂ ਇਸਦਾ ਮਤਲਬ ਸਾਡੇ ਗਾਹਕਾਂ ਵਾਸਤੇ ਊਰਜਾ ਬਿੱਲਾਂ ਦਾ ਘਟਣਾ ਵੀ ਹੈ।

ਧਿਆਨ ਰੱਖੋ ਅਤੇ ਇੱਕ ਦੂਜੇ ਦੀ ਦੇਖਭਾਲ ਕਰੋ।

**ਵੇਇਨ ਗੈਥਿੰਗਜ਼, ਚੀਫ਼ ਐਗਜੈਕੀਟਿਵ**

## ਕਲਾਈਵ ਡੈਨ, ਚੀਫ਼ ਆਫ ਦਾ ਕਸਟਮਰ ਵੌਇਸ ਪੈਨਲ

ਮੇਰੇ ਵਰਗੇ ਸੰਮਿਲਤ ਗਾਹਕਾਂ ਵਾਸਤੇ ਪਿਛਲੇ ਕੁਝ ਮਹੀਨੇ ਰੁਝੇਵੇਂ ਭਰੇ ਰਹੇ ਹਨ। ਅਸੀਂ "ਕਿਰਾਏਦਾਰਾਂ ਦਾ ਚਾਰਟਰ" (Tenants Charter) ਬਣਾਉਣ ਲਈ Wrekin ਦੇ ਨਾਲ ਨੇੜੇ ਹੋਕੇ ਕੰਮ ਕੀਤਾ ਹੈ, ਜੋ ਸਪੱਸ਼ਟ ਤੌਰ 'ਤੇ ਤੈਅ ਕਰਦਾ ਹੈ ਕਿ ਗਾਹਕ ਸੇਵਾ ਅਤੇ ਸੰਚਾਰ ਅਤੇ ਸ਼ਮੂਲੀਅਤ ਦੇ ਪੱਧਰਾਂ ਦੇ ਸੰਦਰਭ ਵਿੱਚ ਸਾਨੂੰ Wrekin ਕੋਲੋਂ ਕੀ ਉਮੀਦ ਕਰਨੀ ਚਾਹੀਦੀ ਹੈ। ਤੁਸੀਂ ਸੰਪੂਰਨ ਦਸਤਾਵੇਜ਼ ਵੈੱਬਸਾਈਟ 'ਤੇ ਦੇਖ ਸਕਦੇ ਹੋ, ਅਤੇ ਤੁਸੀਂ ਸਰਵੇਖਣ ਵਾਸਤੇ ਲਿੰਕ ਦੇ ਨਾਲ ਇੱਕ ਈਮੇਲ ਜਾਂ ਲਿਖਤੀ ਸੰਦੇਸ਼ ਪ੍ਰਾਪਤ ਕੀਤਾ ਹੋਵੇਗਾ। ਕਿਰਪਾ ਕਰਕੇ ਇਸਨੂੰ ਪੂਰਾ ਕਰਨ ਲਈ ਕੁਝ ਮਿੰਟਾਂ ਦਾ ਸਮਾਂ ਲਓ – ਤੁਹਾਡੀ ਫੀਡਬੈਕ ਅਹਿਮ ਹੈ ਅਤੇ ਸਭ ਤੋਂ ਵਧੀਆ ਗੱਲ ਇਹ ਹੈ ਕਿ ਤੁਹਾਨੂੰ £100 ਦਾ ਵਾਊਚਰ ਜਿੱਤਣ ਲਈ ਇੱਕ ਇਨਾਮੀ ਡਰਾਅ ਵਿੱਚ ਸ਼ਾਮਲ ਕੀਤਾ ਜਾਵੇਗਾ।

ਮੈਨੂੰ ਉਮੀਦ ਹੈ ਕਿ ਤੁਸੀਂ ਸਾਰੇ Your Wrekin ਦੇ ਇਸ ਸੰਸਕਰਣ ਵਿੱਚ ਸ਼ਾਮਲ ਕੀਤੇ ਕੈਲੰਡਰ ਨੂੰ ਪਸੰਦ ਕਰੋਗੇ। ਮੈਂ ਸੋਚਦਾ ਹਾਂ ਕਿ ਤੁਸੀਂ ਸਾਰੇ ਇਸ ਗੱਲ ਨਾਲ ਸਹਿਮਤ ਹੋਵੋਂਗੇ ਕਿ ਸਾਡੇ ਵਿਚਕਾਰ ਕੁਝ ਬੇਹੱਦ ਪ੍ਰਤਿਭਾਵਾਨ ਕਲਾਕਾਰ ਅਤੇ ਫੋਟੋਗ੍ਰਾਫਰ ਮੌਜੂਦ ਹਨ।

ਸਾਡੇ ਕੰਮ ਵਿੱਚ ਸਾਡੀ ਮਦਦ ਕਰਨ ਲਈ ਅਸੀਂ ਹਮੇਸ਼ਾ ਹੀ ਲੋਕਾਂ ਦੀ ਤਲਾਸ਼ ਕਰਦੇ ਰਹਿੰਦੇ ਹਾਂ। ਸ਼ਮੂਲੀਅਤ ਕਰਨਾ ਤੁਹਾਨੂੰ ਅਸਲੀ ਫਰਕ ਲਿਆਉਣ ਦੇ ਯੋਗ ਬਣਾਉਂਦਾ ਹੈ। ਇਹ ਦੋਸਤ ਬਣਾਉਣ, ਆਤਮ-ਵਿਸ਼ਵਾਸ ਦਾ ਨਿਰਮਾਣ ਕਰਨ ਅਤੇ ਨਾਲੋ-ਨਾਲ ਨਵੇਂ ਹੁਨਰ ਸਿੱਖਣ ਦਾ ਵੀ ਇੱਕ ਵਧੀਆ ਮੌਕਾ ਹੈ।

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਜਾਂ ਜੇ ਤੁਸੀਂ ਸ਼ਮੂਲੀਅਤ ਕਰਨ ਵਿੱਚ ਰੁਚੀ ਰੱਖਦੇ ਹੋ ਤਾਂ ਕਿਰਪਾ ਕਰਕੇ ਸੰਪਰਕ ਕਰੋ। ਈਮੇਲ ਪਤਾ ਹੈ getinvolved@wrekin.com ਜਾਂ ਫਿਰ 01952 217181 'ਤੇ ਕਾਲ ਕਰੋ।

## ਗੈਸ ਸੁਰੱਖਿਆ ਜਾਂਚਾਂ

### ਸਾਡੀਆਂ ਜ਼ਿੰਮੇਵਾਰੀਆਂ

ਤੁਹਾਡੇ ਮਕਾਨ-ਮਾਲਕ ਵਜੋਂ, ਸਾਡੇ ਵੱਲੋਂ ਪ੍ਰਬੰਧਨ ਕੀਤੇ ਜਾਂਦੇ ਘਰਾਂ ਦੇ ਅੰਦਰ ਸਾਰੇ ਗੈਸ ਉਪਕਰਨਾਂ, ਚਿਮਨੀਆਂ ਅਤੇ ਪਾਈਪਾਂ ਦੀ ਜਾਂਚ ਕਰਨਾ ਸਾਡਾ ਕੰਮ ਹੈ।

ਸਾਨੂੰ ਆਖਰੀ ਜਾਂਚ ਦੇ 12-ਮਹੀਨੇ ਬਾਅਦ ਆਉਣ ਵਾਲੀ ਵਰ੍ਹੇਗੰਢ ਤੋਂ ਪਹਿਲਾਂ ਸਾਰੀਆਂ ਗੈਸ ਸੁਰੱਖਿਆ ਜਾਂਚਾਂ ਪੂਰੀਆਂ ਕਰਨ ਦੀ ਲੋੜ ਹੁੰਦੀ ਹੈ। ਇਹਨਾਂ ਜਾਂਚਾਂ ਨੂੰ ਕੇਵਲ ਇੱਕ ਘੰਟਾ ਲਗਦਾ ਹੈ ਪਰ ਇਹ ਤੁਹਾਨੂੰ ਸਲਾਮਤ ਅਤੇ ਨਿੱਘਾ ਰੱਖਣ ਲਈ ਅਤੀ ਜ਼ਰੂਰੀ ਹਨ।

ਸਾਲਾਨਾ ਗੈਸ ਸਰਵਿਸ ਬਾਰੇ ਤੁਹਾਨੂੰ ਸੂਚਿਤ ਕਰਨ ਲਈ ਅਸੀਂ ਤੁਹਾਨੂੰ ਇੱਕ ਪੱਤਰ ਭੇਜਾਂਗੇ। ਅਸੀਂ ਸਮਝਦੇ ਹਾਂ ਕਿ ਕਈ ਵਾਰ ਜ਼ਿੰਦਗੀ ਦੇ ਝਮੇਲੇ ਰਾਹ ਵਿੱਚ ਆਕੇ ਖੜ੍ਹੇ ਹੋ ਜਾਂਦੇ ਹਨ, ਇਸ ਲਈ ਜੇ ਤੁਸੀਂ ਤੈਅ-ਮੁਲਾਕਾਤ 'ਤੇ ਨਹੀਂ ਆ ਸਕਦੇ ਤਾਂ ਕਿਰਪਾ ਕਰਕੇ ਮੁਲਾਕਾਤ ਦਾ ਸਮਾਂ ਬਦਲਣ ਲਈ ਸਾਨੂੰ 01952 217217 'ਤੇ ਕਾਲ ਕਰੋ email enquiries@wrekin.com 'ਤੇ ਈਮੇਲ ਕਰੋ।

ਸਾਡੇ ਸਾਰੇ ਅਮਲੇ ਅਤੇ ਠੇਕੇਦਾਰਾਂ ਕੋਲ ਫੋਟੋ ਪਛਾਣ-ਪੱਤਰ ਹੁੰਦਾ ਹੈ। ਜੇ ਤੁਹਾਨੂੰ ਕੋਈ ਸ਼ੱਕ ਜਾਂ ਸ਼ੰਕੇ ਹੋਣ, ਤਾਂ ਕਿਰਪਾ ਕਰਕੇ ਸਾਨੂੰ 01952 217217 'ਤੇ ਕਾਲ ਕਰੋ ਅਤੇ ਅਸੀਂ ਉਹਨਾਂ ਦੀ ਸ਼ਨਾਖਤ ਦੀ ਪੁਸ਼ਟੀ ਕਰਾਂਗੇ।

### ਨੁਕਸਦਾਰ ਬੋਆਇਲਰ

ਨੁਕਸਦਾਰ ਬੋਆਇਲਰ ਹਵਾ ਵਿੱਚ ਕਾਰਬਨ ਮੋਨੋਆਕਸਾਈਡ ਦੇ ਵਾਸ਼ਪ ਛੱਡਦੇ ਹਨ ਅਤੇ ਗੈਸ ਦੀ ਤਰ੍ਹਾਂ ਨਾ ਹੋਕੇ, ਇਸਦੀ ਕੋਈ ਗੰਧ ਨਹੀਂ ਹੁੰਦੀ, ਇਸ ਲਈ ਕੋਈ ਚੇਤਾਵਨੀ ਸੰਕੇਤ ਨਹੀਂ ਹੁੰਦੇ। ਜੇ ਤੁਸੀਂ ਆਪਣੇ ਗੈਸ ਬੋਆਇਲਰ ਦੀ ਸਰਵਿਸ ਕਰਨ ਲਈ ਸਾਨੂੰ ਅੰਦਰ ਨਹੀਂ ਆਉਣ ਦਿੰਦੇ, ਤਾਂ ਤੁਹਾਨੂੰ ਕਾਰਬਨ ਮੋਨੋਆਕਸਾਈਡ ਦੀ ਜ਼ਹਿਰ ਚੜ੍ਹਨ ਦਾ ਖਤਰਾ ਹੋ ਸਕਦਾ ਹੈ, ਜਿਸ ਕਰਕੇ ਯੂਕੇ ਵਿੱਚ ਹਰ ਸਾਲ 200 ਲੋਕ ਹਸਪਤਾਲ ਦਾਖਲ ਹੁੰਦੇ ਹਨ ਅਤੇ 40 ਲੋਕ ਮਰ ਜਾਂਦੇ ਹਨ।

### ਸਾਲਾਨਾ ਗੈਸ ਸਰਵਿਸ ਦੇ ਲਾਭ

- ਸਰਵਿਸ ਕੀਤੇ ਬੋਆਇਲਰ ਦੀ ਖਰਾਬ ਹੋਣ ਅਤੇ ਤੁਹਾਨੂੰ ਤਪਸ਼ (heating) ਜਾਂ ਗਰਮ ਪਾਣੀ ਤੋਂ ਵਾਂਝੇ ਕਰਨ ਦੀ ਸੰਭਾਵਨਾ ਘੱਟ ਹੁੰਦੀ ਹੈ।
- ਤੁਸੀਂ ਆਪਣੇ ਊਰਜਾ ਬਿੱਲਾਂ ਉੱਤੇ ਪੈਸੇ ਦੀ ਬੱਚਤ ਕਰ ਸਕਦੇ ਹੋ – ਹਰ ਸਾਲ ਸਰਵਿਸ ਕੀਤਾ ਜਾਂਦਾ ਬੋਆਇਲਰ ਵਧੇਰੇ ਸੁਯੋਗ ਤਰੀਕੇ ਨਾਲ ਚੱਲੇਗਾ।
- ਤੁਹਾਨੂੰ ਇਸ ਉੱਤੇ ਕੋਈ ਖ਼ਰਚਾ ਨਹੀਂ ਹੁੰਦਾ। ਅਸੀਂ ਆਪਣੇ ਸਾਰੇ ਕਿਰਾਏਦਾਰਾਂ ਨੂੰ ਗੈਸ ਸਰਵਿਸਿੰਗ ਮੁਫ਼ਤ ਸਰਵਿਸ ਵਜੋਂ ਪ੍ਰਦਾਨ ਕਰਾਉਂਦੇ ਹਾਂ।

## My Wrekin ਐਪ ਨਾਲ ਆਪਣੀ ਕਿਰਾਏਦਾਰੀ ਦਾ ਪ੍ਰਬੰਧਨ ਕਰੋ

My Wrekin ਮੋਬਾਈਲ ਐਪ ਹੁਣ ਮੁਫ਼ਤ ਡਾਊਨਲੋਡ ਕਰਨ ਲਈ ਉਪਲਬਬ ਹੈ।

ਇਹ ਐਪ ਕਿਰਾਏਦਾਰਾਂ ਨੂੰ ਆਪਣੀ Wrekin ਕਿਰਾਏਦਾਰੀ ਦਾ ਪ੍ਰਬੰਧਨ ਇੱਕ ਬਟਨ ਛੂਹ ਕੇ ਕਰਨ ਦੇ ਯੋਗ ਬਣਾਉਂਦੀ ਹੈ।

ਤੁਸੀਂ Apple ਐਪ ਸਟੋਰ ਜਾਂ Google ਪਲੇ ਸਟੋਰ ਉੱਤੇ "My Wrekin" ਦੀ ਤਲਾਸ਼ ਕਰਕੇ ਐਪ ਨੂੰ ਡਾਊਨਲੋਡ ਕਰ ਸਕਦੇ ਹੋ।

ਸ਼ੁਰੂਆਤ ਕਿਵੇਂ ਕਰਨੀ ਹੈ, ਇਸ ਬਾਰੇ ਵੇਰਵੇ ਸਾਡੀ ਵੈੱਬਸਾਈਟ wrekin.com ਉੱਤੇ ਉਪਲਬਧ ਹਨ ਅਤੇ ਤੁਹਾਨੂੰ ਆਪਣੇ ਕਿਰਾਏਦਾਰੀ ਹਵਾਲਾ ਨੰਬਰ (tenancy reference number) ਦੀ ਲੋੜ ਪਵੇਗੀ। ਜੇ ਐਪ ਬਾਰੇ ਤੁਹਾਡੀਆਂ ਕੋਈ ਹੋਰ ਪੁੱਛਗਿੱਛਾਂ ਹਨ – ਤਾਂ ਸਾਨੂੰ ਇਸ ਪਤੇ 'ਤੇ ਈਮੇਲ ਕਰੋ: mywrekinapp@wrekin.com

ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਐਪ ਦੀ ਵਰਤੋਂ ਕਰਨ ਦਾ ਮਜ਼ਾ ਲਓਗੇ। ਇਹ ਸ਼ੁਰੂਆਤੀ ਪੜਾਅ ਹਨ ਇਸ ਲਈ ਜੇ ਤੁਹਾਡੇ ਕੋਲ ਚੰਗੀ ਜਾਂ ਮਾੜੀ ਫੀਡਬੈਕ ਹੈ, ਤਾਂ ਅਸੀਂ ਤੁਹਾਡੇ ਵੱਲੋਂ ਸਾਡੇ ਨਾਲ ਸੰਪਰਕ ਕਰਨ 'ਤੇ ਖੁਸ਼ ਹੋਵਾਂਗੇ।

### ਇਹ ਐਪ ਤੁਹਾਨੂੰ ਹੇਠ ਲਿਖੀਆਂ ਚੀਜ਼ਾਂ ਕਰਨ ਦੇ ਯੋਗ ਬਣਾਉਂਦੀ ਹੈ:

- ਕਿਸੇ ਮੁਰੰਮਤ ਨੂੰ ਦਰਜ ਕਰਵਾਉਣਾ
- ਭੁਗਤਾਨ ਕਰਨਾ
- ਆਪਣੇ ਨਿੱਜੀ ਵੇਰਵੇ ਅੱਪਡੇਟ ਕਰਨਾ

- ਹੋਰ ਮਸਲਿਆਂ ਦੀ ਰਿਪੋਰਟ ਕਰਨਾ

## ਜਲਵਾਯੂ ਤਬਦੀਲੀ ਨਾਲ ਨਿਪਟਣਾ

ਜਦ ਜਲਵਾਯੂ ਤਬਦੀਲੀ ਨਾਲ ਨਿਪਟਣ ਦੀ ਗੱਲ ਆਉਂਦੀ ਹੈ ਤਾਂ ਸਾਡੇ ਸਾਰਿਆਂ ਕੋਲ ਨਿਭਾਉਣ ਲਈ ਇੱਕ ਭੂਮਿਕਾ ਹੈ। 2050 ਤੱਕ ਜ਼ੀਰੋ ਕਾਰਬਨ ਨਿਕਾਸੀ ਦਾ ਟੀਚਾ ਹਾਸਲ ਕਰਨਾ ਸਾਡੀ ਅਭਿਲਾਸ਼ਾ ਹੈ - ਜਿਸਦਾ ਮਤਲਬ ਹੈ ਸਾਡੇ ਵੱਲੋਂ ਵਾਯੂਮੰਡਲ ਵਿੱਚ ਛੱਡੀਆਂ ਜਾਂਦੀਆਂ ਨੁਕਸਾਨਦਾਇਕ ਗਰੀਨਹਾਉਸ ਗੈਸਾਂ ਅਤੇ ਵਾਯੂਮੰਡਲ ਤੋਂ ਲੈ ਲਈਆਂ ਜਾਂਦੀਆਂ ਗੈਸਾਂ ਵਿਚਕਾਰ ਇੱਕ ਸੰਤੁਲਨ ਕਾਇਮ ਕਰਨਾ। ਇਸ ਟੀਚੇ ਤੱਕ ਪਹੁੰਚਣ ਵਿੱਚ ਮਦਦ ਲਈ ਅਸੀਂ ਬਹੁਤ ਸਾਰੇ ਉਪਾਅ ਕਰ ਰਹੇ ਹਾਂ।

### ਨਵੇਂ, ਵਾਤਾਵਰਨ ਪ੍ਰਤੀ ਦੋਸਤਾਨਾ ਘਰ ਬਣਾਉਣਾ

ਅਸੀਂ ਅਰਲੈਸਟਨ, ਟੈਲਫੋਰਡ ਵਿੱਚ ਪ੍ਰਿੰਸਿਸ ਐਵੇਨਿਊ ਵਿਖੇ ਚਾਰ ਨਵੇਂ ਊਰਜਾ-ਸੁਯੋਗ ਪਰਿਵਾਰਕ ਘਰਾਂ ਦੀ ਅਦਾਇਗੀ ਕਰ ਦਿੱਤੀ ਹੈ। ਇਹ ਸਾਰੇ ਪੈਸਿਵਹਾਊਜ਼ (Passivhaus) ਮਿਆਰ ਅਨੁਸਾਰ ਬਣਾਏ ਗਏ ਹਨ - ਉੱਨਤ, ਘੱਟ ਊਰਜਾ ਖਪਤ ਕਰਨ ਵਾਲੀਆਂ, ਡ੍ਰਾਫਟ-ਮੁਕਤ ਇਮਾਰਤਾਂ ਜੋ ਚੰਗੀ ਤਰ੍ਹਾਂ ਤਾਪ-ਕੁਚਾਲਕ ਬਣਾਈਆਂ ਗਈਆਂ ਹਨ। ਜਿਸ ਤਰੀਕੇ ਨਾਲ ਇਹ ਇਮਾਰਤਾਂ ਡਿਜ਼ਾਈਨ ਕੀਤੀਆਂ ਅਤੇ ਬਣਾਈਆਂ ਗਈਆਂ ਹਨ, ਉਸਦਾ ਮਤਲਬ ਇਹ ਹੈ ਕਿ ਸਾਡੇ ਕਿਰਾਏਦਾਰ ਮੁਕਾਬਲਤਨ ਘੱਟ ਊਰਜਾ ਬਿੱਲਾਂ ਨਾਲ ਪੈਸੇ ਦੀ ਬੱਚਤ ਵੀ ਕਰਦੇ ਹਨ।

### ਸਾਡੇ ਮੌਜੂਦਾ ਘਰਾਂ ਨੂੰ ਵਧੇਰੇ ਊਰਜਾ ਸੁਯੋਗ ਬਣਾਉਣਾ

ਅਸੀਂ ਆਪਣੀਆਂ ਕੁਝ ਪੁਰਾਣੀਆਂ ਇਮਾਰਤਾਂ ਨੂੰ ਮਿਆਰੀ ਪੱਧਰ ਤੱਕ ਲਿਆਉਣ ਲਈ ਵੀ ਕੰਮ ਕਰ ਰਹੇ ਹਾਂ। ਅਸੀਂ ਲਗਭਗ 70 ਮੌਜੂਦਾ ਘਰਾਂ ਵਿੱਚ, ਅਤੇ ਨਾਲ ਹੀ 11 ਨਵੇਂ ਘਰਾਂ ਵਿੱਚ ਸੋਲਰ ਪੈਨਲ ਪ੍ਰਣਾਲੀਆਂ ਵੀ ਲਗਾ ਰਹੇ ਹਾਂ। ਇਹ ਸਾਡੇ ਕਿਰਾਏਦਾਰਾਂ ਨੂੰ ਬਾਅਦ ਵਿੱਚ ਵਰਤਣ ਲਈ ਬਿਜਲੀ ਸਟੋਰ ਕਰਨ ਦੇ ਯੋਗ ਬਣਾਉਂਦਾ ਹੈ।

## ਜਦ ਊਰਜਾ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਇੱਕ ਸੁਯੋਗ ਘਰ ਵਾਸਤੇ ਨੁਕਤੇ

ਗੈਸ ਅਤੇ ਬਿਜਲੀ ਲਈ ਥੋਕ ਕੀਮਤਾਂ ਆਪਣੀ ਚਰਮ-ਸੀਮਾ 'ਤੇ ਹਨ ਅਤੇ ਅਸੀਂ ਕੁਝ ਊਰਜਾ ਸਪਲਾਈ ਕਰਨ ਵਾਲਿਆਂ ਦਾ ਕਾਰੋਬਾਰ ਠੱਪ ਹੁੰਦਾ ਵੀ ਦੇਖਿਆ ਹੈ। ਇਹਨਾਂ ਕੰਪਨੀਆਂ ਦੇ ਗਾਹਕਾਂ ਨੂੰ ਨਵੇਂ ਸਪਲਾਈ ਕਰਤਾਵਾਂ ਕੋਲ ਤਬਦੀਲ ਕਰ ਦਿੱਤਾ ਗਿਆ ਹੋਵੇਗਾ ਅਤੇ ਅਜਿਹੀਆਂ ਰੇਟ ਯੋਜਨਾਵਾਂ ਵਿੱਚ ਪਾਇਆ ਗਿਆ ਹੋਵੇਗਾ ਜੋ ਊਰਜਾ ਦੀ ਕੀਮਤ ਦੀ ਉੱਪਰਲੀ ਹੱਦ ਤੋਂ ਵੱਧ ਚਾਰਜ ਨਹੀਂ ਕਰਦੀਆਂ। ਕੀਮਤ ਦੀ ਉੱਪਰਲੀ ਹੱਦ ਉਹ ਅਧਿਕਤਮ ਸੀਮਾ ਹੈ ਜੋ ਕੋਈ ਕੰਪਨੀ ਚਾਰਜ ਕਰ ਸਕਦੀ ਹੈ, ਇਹ ਖਪਤ ਉੱਤੇ ਆਧਾਰਿਤ ਹੁੰਦੀ ਹੈ ਅਤੇ ਅਧਿਨਿਯਮਕਾਂ (OFGEM) ਦੁਆਰਾ ਤੈਅ ਕੀਤੀ ਜਾਂਦੀ ਹੈ।

ਆਮ ਤੌਰ 'ਤੇ, ਹਾਲ ਦੀ ਘੜੀ ਪਰਿਵਰਤਨ ਕਰਨ ਦੀ ਸਲਾਹ ਨਹੀਂ ਦਿੱਤੀ ਜਾਂਦੀ ਕਿਉਂਕਿ ਕਈ ਤੈਅਸ਼ੁਦਾ ਪੇਸ਼ਕਸ਼ਾਂ (fixed deals) ਹੁਣ ਮਿਆਰੀ ਬਦਲਣਯੋਗ ਰੇਟਾਂ ਨਾਲੋਂ ਵਧੇਰੇ ਮਹਿੰਗੀਆਂ ਹਨ (ਹਾਲਾਂਕਿ ਅਪਰੈਲ 2022 ਵਿੱਚ ਇਸ ਵਿੱਚ ਤਬਦੀਲੀ ਹੋ ਸਕਦੀ ਹੈ)।

### ਇੱਕ ਸੁਯੋਗ ਘਰ ਵਾਸਤੇ ਨੁਕਤੇ:

- **LED ਬਲਬ ਅਪਣਾਓ:** ਇਹ ਰਵਾਇਤੀ ਬਲਬਾਂ ਨਾਲੋਂ 75% ਘੱਟ ਊਰਜਾ ਵਰਤਦੇ ਹਨ।
- **ਕੱਪੜਿਆਂ ਨੂੰ 30° 'ਤੇ ਧੋਵੋ:** ਅਤੇ ਜੇ ਮੌਸਮ ਆਗਿਆ ਦਿੰਦਾ ਹੈ, ਤਾਂ ਕੱਪੜਿਆਂ ਨੂੰ ਬਾਹਰ ਸੁਕਾਓ।
- **ਸਟੈਂਡਬਾਈ 'ਤੇ ਨਾ ਰਹੋ:** ਅਣਵਰਤੇ ਉਪਕਰਨਾਂ ਨੂੰ ਪਲੱਗ ਤੋਂ ਹੀ ਬੰਦ ਕਰ ਦਿਓ।
- **ਜੇ ਤੁਸੀਂ ਬਰੂ** (brew) **ਕਰ ਰਹੇ ਹੋ, ਤਾਂ ਕੇਵਲ ਓਨਾ ਹੀ ਪਾਣੀ ਉਬਾਲੋ ਜਿੰਨੇ ਪਾਣੀ ਦੀ ਤੁਹਾਨੂੰ ਲੋੜ ਹੈ।**
- **ਥਰਮੋਸਟੈਟ ਨੂੰ 18° 'ਤੇ ਸੈੱਟ ਕਰਕੇ ਰੱਖਣ ਦੀ ਕੋਸ਼ਿਸ਼ ਕਰੋ:** ਅਤੇ ਆਪਣੇ ਰੇਡੀਏਟਰ ਵਾਲਵਾਂ ਨੂੰ ਲਿਵਿੰਗ ਏਰੀਆ ਲਈ 4-5 'ਤੇ ਅਤੇ ਬੈੱਡਰੂਮਾਂ ਲਈ 1-2 'ਤੇ ਸੈੱਟ ਕਰੋ।
- **ਡਰਾਫਟਾਂ ਨੂੰ ਦੂਰ ਰੱਖੋ:** ਅੰਦਰੂਨੀ ਦਰਵਾਜ਼ੇ ਬੰਦ ਕਰਕੇ ਰੱਖੋ ਅਤੇ ਡਰਾਫਟ ਐਕਸਕਲੂਡਰਾਂ (draft excluders) ਦੀ ਵਰਤੋਂ ਕਰੋ। ਜੇ ਤੁਹਾਡੀ ਕੋਈ ਅਣਵਰਤੀ ਖੁੱਲ੍ਹੀ ਅੰਗੀਠੀ ਹੈ ਤਾਂ ਕੋਈ ਚਿਮਨੀ ਗੁਬਾਰਾ (chimney balloon) ਫਿੱਟ ਕਰਨ 'ਤੇ ਵਿਚਾਰ ਕਰੋ।

### ਵੱਡੀ ਉਮਰ ਦੇ ਲੋਕਾਂ ਵਾਸਤੇ ਨੁਕਤੇ

- ਗਰਮ ਪਾਣੀ ਦੀ ਬੋਤਲ ਵਰਤੋ ਪਰ ਬਿਜਲਈ ਕੰਬਲ ਦੇ ਨਾਲ ਨਹੀਂ।
- ਆਪਣੇ ਘਰ ਨੂੰ ਲੋੜੋਂ ਵੱਧ ਗਰਮ ਕਰਨਾ (24 ਡਿਗਰੀ ਤੋਂ ਉੱਪਰ) ਨਿਰਜਲੀਕਰਨ ਦਾ ਕਾਰਨ ਬਣ ਸਕਦਾ ਹੈ ਜਿਸ ਕਰਕੇ ਭੰਬਲਭੂਸਾ ਪੈਦਾ ਹੋ ਸਕਦਾ ਹੈ ਅਤੇ ਤੁਸੀਂ ਡਿੱਗ ਵੀ ਸਕਦੇ ਹੋ।
- ਕੱਪੜੇ ਠੰਢ ਮੁਤਾਬਿਕ ਪਹਿਨੋ – ਇੱਕੋ ਵੱਡੇ ਜੰਪਰ ਨਾਲੋਂ ਸੂਤੀ, ਉਨੀ ਜਾਂ ਫਲੀਸ ਦੀਆਂ ਕੁਝ ਪਰਤਾਂ ਮੁਕਾਬਲਤਨ ਕਾਫੀ ਵੱਧ ਗਰਮ ਹੁੰਦੀਆਂ ਹਨ।

- ਯਕੀਨੀ ਬਣਾਓ ਕਿ ਤੁਸੀਂ ਤਰਜੀਹੀ ਸੇਵਾਵਾਂ ਦੇ ਰਜਿਸਟਰ ’ਤੇ ਹੋ ਅਤੇ ਘਰ ਨਿੱਘਾ ਰੱਖਣ ਲਈ ਛੋਟ ਵਾਸਤੇ ਅਰਜ਼ੀ ਦਿਓ। ਵਧੇਰੇ ਜਾਣਕਾਰੀ ਲਈ gov.uk/the-warm-home-discount-scheme ਦੇਖੋ।

## **ਮਨੀ ਮੈਟਰਜ਼:** ਮਦਦ ਲਈ ਮੌਜੂਦ

ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਅਤੇ ਮਾਹਰ ਸਹਾਇਤਾ ਅਤੇ ਸਲਾਹ ਦੇਣ ਲਈ, ਸਾਡੀ ਮਨੀ ਮੈਟਰਜ਼ (Money Matters) ਟੀਮ ਹਮੇਸ਼ਾ ਉਪਲਬਧ ਹੁੰਦੀ ਹੈ।

ਤੁਸੀਂ ਟੀਮ ਨਾਲ 01952 217234 ’ਤੇ ਜਾਂ ਈਮੇਲ ਰਾਹੀਂ money.matters@wrekin.com ’ਤੇ ਸੰਪਰਕ ਕਰ ਸਕਦੇ ਹੋ।

ਜੇ ਤੁਸੀਂ ਕਿਸੇ ਪੂਰਵ-ਭੁਗਤਾਨ (pre-payment) ਮੀਟਰ ’ਤੇ ਹੋ ਤਾਂ ਤੁਸੀਂ wrekin.com/News/home-energy-costs-on-the-rise ’ਤੇ ਜਾਕੇ ਊਰਜਾ ਅਤੇ ਤਪਸ਼ (heating) ਬਾਰੇ ਵਧੇਰੇ ਵਿਸਤਰਿਤ ਸਲਾਹ ਦੇਖ ਸਕਦੇ ਹੋ ਜਿਸ ਵਿੱਚ ਨੁਕਤੇ ਵੀ ਸ਼ਾਮਲ ਹਨ।

## ਕੀ ਤੁਹਾਡਾ ਘਰ ਤੁਹਾਡੇ ਵਾਸਤੇ ਸਹੀ ਹੈ?

Wrekin ਵਿਖੇ, ਅਸੀਂ ਚਾਹੁੰਦੇ ਹਾਂ ਕਿ ਸਾਡੇ ਸਾਰੇ ਗਾਹਕ ਆਪਣੇ ਘਰਾਂ ਦਾ ਮਜ਼ਾ ਲੈਣ।

ਜਦ ਜ਼ਿੰਦਗੀ ਅੱਗੇ ਵਧਦੀ ਹੈ ਅਤੇ ਹਾਲਾਤ ਬਦਲਦੇ ਹਨ ਤਾਂ ਇਹ ਅਹਿਮ ਹੈ ਕਿ ਜਿਸ ਥਾਂ ’ਤੇ ਤੁਸੀਂ ਰਹਿੰਦੇ ਹੋ ਉਹ ਤੁਹਾਡੀ ਜੀਵਨਸ਼ੈਲੀ ਅਤੇ ਲੋੜਾਂ ਵਿੱਚ ਸਹਾਇਤਾ ਕਰਨਾ ਜਾਰੀ ਰੱਖੇ। ਸ਼ਾਇਦ ਤੁਹਾਡੀ ਚੱਲਣ-ਫਿਰਨ ਦੀ ਯੋਗਤਾ ਬਦਲ ਗਈ ਹੈ, ਬਗੀਚੇ ਦਾ ਪ੍ਰਬੰਧਨ ਕਰਨਾ ਵਧੇਰੇ ਮੁਸ਼ਕਿਲ ਹੋ ਗਿਆ ਹੈ ਜਾਂ ਪਰਿਵਾਰ ਕਿਸੇ ਹੋਰ ਥਾਂ ਚਲਾ ਗਿਆ ਹੈ। ਅਸੀਂ ਘਰ ਵਿਖੇ ਆਤਮ-ਵਿਸ਼ਵਾਸ ਨਾਲ ਭਰੇ, ਸਲਾਮਤ ਅਤੇ ਸੁਰੱਖਿਅਤ ਮਹਿਸੂਸ ਕਰਨ ਵਿੱਚ ਮਦਦ ਕਰਨ ਲਈ ਤੁਹਾਨੂੰ ਸਹਾਇਤਾ ਅਤੇ ਸਲਾਹ ਦੀ ਪੇਸ਼ਕਸ਼ ਕਰ ਸਕਦੇ ਹਾਂ।

ਜੇ ਤੁਸੀਂ ਘਰ ਬਦਲੀ ਕਰਨ ਦੀ ਇੱਛਾ ’ਤੇ ਵਿਚਾਰ ਕਰਨਾ ਚਾਹੁੰਦੇ ਹੋ ਤਾਂ ਸਾਡੇ ਕੋਲ ਕਈ ਸਾਰੀਆਂ ਜਾਇਦਾਦਾਂ ਹਨ ਜਿਨ੍ਹਾਂ ਵਿੱਚ ਗਰਾਊਂਡ ਫਲੋਰ ਵਾਲੇ ਅਪਾਰਟਮੈਂਟ, ਬੰਗਲੇ ਅਤੇ ਉਹ ਘਰ ਸ਼ਾਮਲ ਹਨ ਜੋ ਬੁੱਢੇ ਹੋਣ ਦਾ ਧਿਆਨ ਰੱਖਦੇ ਹੋਏ ਖਾਸ ਤੌਰ ’ਤੇ ਡਿਜ਼ਾਈਨ ਕੀਤੇ ਗਏ ਹਨ – ਜਿਵੇਂ ਕਿ ਸਾਡੀਆਂ Retirement Living ਅਤੇ ShireLiving ਸਕੀਮਾਂ।

ਜੇ ਤੁਹਾਨੂੰ ਲੱਗ ਰਿਹਾ ਹੈ ਕਿ ਤੁਹਾਡਾ ਘਰ ਹੁਣ ਤੁਹਾਡੀਆਂ ਲੋੜਾਂ ਦੇ ਫਿੱਟ ਨਹੀਂ ਰਿਹਾ, ਤਾਂ ਕਿਰਪਾ ਕਰਕੇ ਇੱਕ ਗੈਰ-ਰਸਮੀਂ ਗੱਲਬਾਤ ਲਈ ਆਪਣੇ ਹਾਊਸਿੰਗ ਐਗਜੈਕੀਟਵ ਨਾਲ ਸੰਪਰਕ ਕਰੋ।

## ਸਪਰਿੰਗਵੁੱਡ

ਸਾਡੀ ਸਭ ਤੋਂ ਨਵੀਂ ShireLiving ਸਕੀਮ ਸਪਰਿੰਗਵੁੱਡ ਖਾਸ ਤੌਰ ’ਤੇ 55 ਸਾਲ ਤੋਂ ਵੱਡੀ ਉਮਰ ਦੇ ਲੋਕਾਂ ਵਾਸਤੇ ਹੈ ਅਤੇ ਇਹ ਨਵੇਂ ਸਾਲ ਵਿੱਚ ਸ਼ਿਫਨਾਲ (Shifnal) ਵਿੱਚ ਖੁੱਲ੍ਹੇਗੀ।

ਖੁੱਲ੍ਹੀ ਯੋਜਨਾ ਵਾਲੇ ਲਿਵਿੰਗ ਏਰੀਏ ਅਤੇ ਪਹੁੰਚਯੋਗ ਬਾਥਰੂਮਾਂ ਦੇ ਨਾਲ, ਇਸਦੇ ਆਧੁਨਿਕ ਇੱਕ ਅਤੇ ਦੋ-ਬੈੱਡਰੂਮ ਵਾਲੇ ਅਪਾਰਟਮੈਂਟਾਂ ਦਾ ਪ੍ਰਬੰਧਨ ਕਰਨਾ ਆਸਾਨ ਹੋਵੇਗਾ। ਸਮਾਜਕ ਮੇਲ-ਜੋਲ ਵਾਸਤੇ ਬਹੁਤ ਸਾਰੀ ਸਾਂਝੀ ਜਗਹ ਵੀ ਹੋਵੇਗੀ ਜਿਵੇਂ ਕਿ ਕੈਫ਼ੇ ਅਤੇ ਬਗੀਚੇ।

ਹਰੇਕ ਚੀਜ਼ ਨੂੰ ਸਪਰਿੰਗਵੁੱਡ ਦੀ ਦੋਸਤਾਨਾ ਟੀਮ ਵੱਲੋਂ ਨਿਖਾਰਿਆ ਗਿਆ ਹੈ ਜੋ ਤੁਹਾਨੂੰ ਹੁਣ ਜਾਂ ਭਵਿੱਖ ਵਿੱਚ ਲੋੜੀਂਦੀ ਕਿਸੇ ਵੀ ਦੇਖਭਾਲ ਅਤੇ ਸਹਾਇਤਾ ਦੀ ਪੂਰਤੀ ਕਰਨ ਲਈ ਉਪਲਬਧ ਰਹੇਗੀ, ਅਤੇ ਸੁਤੰਤਰ ਤਰੀਕੇ ਨਾਲ ਰਹਿਣ ਵਿੱਚ ਤੁਹਾਡੀ ਮਦਦ ਕਰੇਗੀ।

ਵਧੇਰੇ ਜਾਣਕਾਰੀ ਲਈ ਦੇਖੋ ShireLiving.co.uk ਜਾਂ 01952 217444 ’ਤੇ ਕਾਲ ਕਰੋ।

## ਕ੍ਰਿਸਮਸ ਮੌਕੇ ਪੈਸੇ ਦੀ ਬੱਚਤ ਕਰਨ ਲਈ ਫੁਰਨੇ

### ਕੋਈ ਅਨੁਭਵ ਸਿਰਜੋ

ਚਾਹੇ ਇਹ ਕੋਈ ਘਰੇ ਬਣਾਈ ਪਿਕਨਿਕ ਨਾਲ ਤੁਹਾਡੇ ਸਥਾਨਕ ਪਾਰਕ ਵਿਖੇ ਕੋਈ ਦਿਨ ਹੋਵੇ ਜਾਂ ਕਿਸੇ ਮਿਊਜ਼ੀਅਮ ਵਿਖੇ ਜਾਣ ਲਈ ਵੱਡੇ ਸ਼ਹਿਰਾਂ ਵਿੱਚੋਂ ਕਿਸੇ ਇੱਕ ਦਾ ਟਰਿੱਪ – ਤੁਸੀਂ ਕਿਸੇ ਵੀ ਬਜਟ ਦੇ ਅਨੁਕੂਲ ਬੈਠਣ ਲਈ ਅਜਿਹਾ ਕਰ ਸਕਦੇ ਹੋ। ਕੋਈ ਵਧੀਆ ਵਾਊਚਰ ਬਣਾਓ ਜਿਸਨੂੰ ਉਹ ਹਮੇਸ਼ਾ ਲਈ ਰੱਖ ਸਕਦੇ ਹਨ, ਤਾਂ ਜੋ ਜਦ ਵੀ ਉਹ ਇਸਨੂੰ ਦੇਖਣ ਤਾਂ ਯਾਦਦਾਸ਼ਤ ਤੁਰੰਤ ਉਹਨਾਂ ਦੇ ਮਨ ਵਿੱਚ ਤਾਜ਼ਾ ਹੋ ਜਾਵੇ!

### ਬੱਚਿਆਂ ਵਾਸਤੇ ਕੋਈ ਚੀਜ਼!

ਕਿਰਪਾ ਕਰਕੇ ਇੱਕ ਦਿਨ ਵਾਸਤੇ ਆਪਣੇ ਆਪ ਨੂੰ ਵਿੱਤੀ ਮੁਸ਼ਕਿਲ ਵਿੱਚ ਨਾ ਪਾਓ – ਇੱਕ ਸਮਝਦਾਰ ਖਰੀਦਦਾਰ ਬਣੋ – ਬਜਟ 'ਤੇ ਅਡਿੱਗ ਰਹੋ ਅਤੇ ਖਰੀਦਦਾਰੀ ਓਥੇ ਕਰੋ ਜਿੱਥੇ ਕੋਈ ਪੇਸ਼ਕਸ਼ਾਂ (offers) ਹੋਣ। ਛੋਟ ਕੋਡਾਂ ਵਾਸਤੇ ਨਜ਼ਰ ਮਾਰੋ, ਵਫਾਦਾਰੀ ਕਾਰਡ ਪੁਆਇੰਟਾਂ ਦਾ ਲਾਭ ਉਠਾਓ ਅਤੇ ਜਿੱਥੇ ਸੰਭਵ ਹੋਵੇ ਓਥੇ ਨਕਦੀ ਦੀ ਵਰਤੋਂ ਕਰੋ, ਨਾ ਕਿ ਕ੍ਰੈਡਿਟ ਦੀ।

### ਤਸਵੀਰਾਂ ਵਾਲੇ ਤੋਹਫ਼ੇ ਬਣਾਓ

ਵਿਅਕਤੀਗਤ ਬਣਾਈਆਂ ਯਾਦਾਂ ਦੀਆਂ ਕਿਤਾਬਾਂ (memory books) ਜਾਂ ਕੰਧ ਕਲਾ (wall art) ਪਰਿਵਾਰ ਅਤੇ ਦੋਸਤਾਂ ਵਾਸਤੇ ਸਭ ਤੋਂ ਸ਼ਾਨਦਾਰ ਤੋਹਫ਼ੇ ਸਿੱਧ ਹੁੰਦੀਆਂ ਹਨ। ਕਿਉਂ ਨਾ ਫ੍ਰੀ ਪਿੰਟਾਂ (Free Prints), ਉੱਤੇ ਝਾਤ ਪਾਈ ਜਾਵੇ, ਆਮ ਤੌਰ 'ਤੇ ਤੁਹਾਨੂੰ ਸਿਰਫ਼ ਅਦਾਇਗੀ ਲਈ ਭੁਗਤਾਨ ਕਰਨਾ ਪੈਂਦਾ ਹੈ ਜੇ ਤੁਸੀਂ ਸੀਮਾ ਦੇ ਅੰਦਰ ਆਰਡਰ ਦਿੰਦੇ ਹੋ, ਫੇਰ ਤੁਸੀਂ ਕੁਝ ਫਰੇਮ ਬਣਾ ਸਕਦੇ ਹੋ ਜਾਂ ਔਨਲਾਈਨ ਆਰਡਰ ਦੇ ਸਕਦੇ ਹੋ – ਵਿਕਲਪਕ ਤੌਰ 'ਤੇ ਤੁਸੀਂ ਹਮੇਸ਼ਾ ਇੱਕ ਛੋਟੀ ਜਿਹੀ ਸਕਰੈਪ ਬੁੱਕ ਬਣਾ ਸਕਦੇ ਹੋ ਅਤੇ ਕੁਝ ਵਧੀਆ ਸੰਦੇਸ਼ ਲਿਖ ਸਕਦੇ ਹੋ।

### ਇੱਕ ਗੁਪਤ ਸੈਂਟਾ ਸਥਾਪਤ ਕਰੋ

ਆਪਣੇ ਪਰਿਵਾਰ ਵਿੱਚ ਹਰ ਕਿਸੇ ਵਾਸਤੇ ਢੇਰ ਸਾਰੇ ਤੋਹਫ਼ੇ ਖਰੀਦਣ ਦੀ ਬਜਾਏ – ਪਰਿਵਾਰ ਦਾ ਗੁਪਤ ਸੈਂਟਾ (Santa) ਸਥਾਪਤ ਕਰੋ। Drawnames.co.uk ਤੁਹਾਡੇ ਭਾਗੀਦਾਰਾਂ ਦੇ ਨਾਵਾਂ ਦਾ ਇੱਕ ਔਨਲਾਈਨ ਡਰਾਅ ਕੱਢਦੀ ਹੈ ਅਤੇ ਇਸ ਦੀ ਵਰਤੋਂ ਕਰਨਾ ਆਸਾਨ ਹੈ!

## ਕੈਲੰਡਰ ਕਲਾ ਪ੍ਰਤੀਯੋਗਤਾ

ਇਸ ਸਾਲ ਦੀ ਕੈਲੰਡਰ ਕਲਾ ਪ੍ਰਤੀਯੋਗਤਾ ਲਈ ਸਾਨੂੰ ਸ਼ਾਨਦਾਰ ਹੁੰਗਾਰਾ ਮਿਲਿਆ ਸੀ ਅਤੇ ਅਸੀਂ ਆਪਣੀਆਂ ਹੁਣ ਤੱਕ ਦੀਆਂ ਸਭ ਤੋਂ ਵੱਧ ਐਂਟਰੀਆਂ ਪ੍ਰਾਪਤ ਕਰਕੇ ਰੁਮਾਂਚਿਤ ਹੋ ਗਏ ਸੀ। ਭੂ-ਦ੍ਰਿਸ਼ਾਂ ਤੋਂ ਲੈਕੇ ਭਿਣਭਿਣਾਉਂਦੇ ਕੀਟ-ਪਤੰਗਿਆਂ ਤੱਕ, ਮਿਆਰ ਬੇਹੱਦ ਸ਼ਾਨਦਾਰ ਸੀ ਅਤੇ ਇਸਨੇ ਸਾਡੇ ਕੁਦਰਤੀ ਚਿਕਿਤਸਾ ਦੇ ਸਾਰ ਨੂੰ ਪਰਿਪੱਕਤਾ ਨਾਲ ਦਰਸਾਇਆ।

ਇਸ ਸਾਲ ਭਾਗ ਲੈਣ ਵਾਲੇ ਹਰੇਕ ਵਿਅਕਤੀ ਦਾ ਧੰਨਵਾਦ ਅਤੇ ਉਹਨਾਂ ਸਾਰੇ ਕਲਾਕਾਰਾਂ ਨੂੰ ਵਧਾਈਆਂ ਜਿਨ੍ਹਾਂ ਦੀਆਂ ਕੁਦਰਤ ਤੋਂ ਪ੍ਰੇਰਿਤ ਕਲਾ-ਕਿਰਤੀਆਂ ਸਾਡੇ 2022 ਦੇ ਕੈਲੰਡਰ ਦਾ ਹਿੱਸਾ ਬਣੀਆਂ ਹਨ।

ਸਮੁੱਚੀ ਵਿਜੇਤਾ ਲਿੰਡਾ ਹੋਰਲੇਰ ਦਾ ਖਾਸ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ ਜਿਸਦੀ ਗੁਸਤਾਖ ਗੋਲਡਫਿੰਚ ਫੋਟੋਗ੍ਰਾਫ ਨੇ ਸਾਡੇ ਫਰੰਟ ਕਵਰ ਉੱਤੇ ਮਾਣਮੱਤੀ ਜਗਹ ਬਣਾਈ! ਸਾਨੂੰ ਉਮੀਦ ਹੈ ਕਿ ਤੁਸੀਂ ਇਸਦਾ ਮਜ਼ਾ ਲਓਗੇ!

## ਅਸੀਂ ਤੁਹਾਡੀ ਆਵਾਜ਼ ਸੁਣਨੀ ਚਾਹੁੰਦੇ ਹਾਂ

ਹਾਲੀਆ ਸਮੇਂ ਵਿੱਚ ਅਸੀਂ ਇੱਕ ਔਨਲਾਈਨ ਫੀਡਬੈਕ ਸੇਵਾ ਲਿਆਂਦੀ ਹੈ।

ਸਾਡੀ ਨਵੀਂ ਔਨਲਾਈਨ ਫੀਡਬੈਕ ਸੇਵਾ, ਤੁਹਾਨੂੰ ਪ੍ਰਾਪਤ ਹੋਈ ਸਰਵਿਸ ਬਾਰੇ ਤੁਹਾਡੇ ਵਿਚਾਰ ਸਾਨੂੰ ਦੱਸਣਾ ਤੁਹਾਡੇ ਲਈ ਪਹਿਲਾਂ ਨਾਲੋਂ ਕਿਤੇ ਵਧੇਰੇ ਆਸਾਨ ਬਣਾਉਂਦੀ ਹੈ। ਤੁਸੀਂ ਸੰਖੇਪ ਸਰਵੇਖਣ ਨੂੰ ਲਿਖਤੀ-ਸੰਦੇਸ਼ ਜਾਂ ਈਮੇਲ ਰਾਹੀਂ ਪ੍ਰਾਪਤ ਕਰ ਸਕਦੇ ਹੋ – ਸਾਨੂੰ ਆਪਣੀ ਫੀਡਬੈਕ ਦੇਣ ਲਈ ਬੱਸ ਲਿੰਕ ਉੱਤੇ ਕਲਿੱਕ ਕਰ ਦਿਓ। ਇਸ ਸਾਲ ਹੁਣ ਤੱਕ, ਅਸੀਂ 7,000 ਤੋਂ ਵੱਧ ਸਰਵੇਖਣ ਪੂਰੇ ਕਰ ਚੁੱਕੇ ਹਾਂ!

## ਗਰਮੀਆਂ ਦੀ ਰੁੱਤ ਦੀ ਪ੍ਰਤੀਯੋਗਤਾ ਦੇ ਜੇਤੂ!

Your Wrekin ਦੇ ਗਰਮੀਆਂ ਦੀ ਰੁੱਤ ਦੇ ਸੰਸਕਰਣ ਤੋਂ ਪ੍ਰਤੀਯੋਗਤਾ ਜੇਤੂਆਂ ਦਾ ਵੇਰਵਾ ਏਥੇ ਦਿੱਤਾ ਜਾ ਰਿਹਾ ਹੈ। ਸਾਰੀਆਂ ਤਾਜ਼ਾ ਪ੍ਰਤੀਯੋਗਤਾਵਾਂ ਲਈ, ਆਪਣੀ ਐਡਰੈੱਸ ਸ਼ੀਟ ਉੱਤੇ ਨਜ਼ਰ ਮਾਰੋ।

### ਡਿਜ਼ੀਟਲ ਸਾਈਨ ਅੱਪ ਜੇਤੂ

ਸਾਡੇ ਡਿਜ਼ੀਟਲ ਸਾਈਨ ਅੱਪ ਵਾਸਤੇ ਬੇਤਰਤੀਬ ਤਰੀਕੇ ਨਾਲ ਚੁਣੇ ਜਾਣ 'ਤੇ, ਪੇਜ ਬੇਲੀ ਨੇ ਜਿੱਤੇ ਹਨ £50 ਦੇ ਖਰੀਦਦਾਰੀ ਵਾਊਚਰ।

### ਵਰਡ ਵੀਲ੍ਹ ਜੇਤੂ

ਦਰਯਾਲ ਆਲਫੋਰਡ ਨੇ ਸਾਡੇ ਵਰਡ ਵੀਲ੍ਹ ਵਿੱਚ 154 ਸ਼ਬਦ ਲੱਭੇ ਅਤੇ ਉਹਨਾਂ ਨੇ ਜਿੱਤੇ ਹਨ £50 ਦੇ ਖਰੀਦਦਾਰੀ ਵਾਊਚਰ।

### ਰੰਗ ਭਰੋ ਪ੍ਰਤੀਯੋਗਤਾ ਜੇਤੂ

ਸਾਡੇ ਡਿਜ਼ਾਈਨਰ ਦੀ ਪਸੰਦੀਦਾ ਵੈਲੀਜ਼ ਕਲਰਿੰਗ ਲਿਜ਼ਾ ਐਡਿਸ ਨੇ ਕੀਤੀ ਸੀ ਅਤੇ ਉਸਨੇ ਵੀ ਜਿੱਤੇ ਹਨ £50 ਦੇ ਖਰੀਦਦਾਰੀ ਵਾਊਚਰ। ਭਾਗੀਦਾਰੀ ਕਰਨ ਵਾਲੇ ਹਰ ਕਿਸੇ ਦਾ ਧੰਨਵਾਦ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਮਜ਼ਾ ਲਿਆ ਸੀ।

## ਰੰਗ ਭਰੋ ਪ੍ਰਤੀਯੋਗਤਾ

ਆਪਣੇ ਨਾਮ ਅਤੇ ਸੰਪਰਕ ਵੇਰਵਿਆਂ ਨਾਲ ਆਪਣੇ ਵੱਲੋਂ ਰੰਗ ਭਰੀ ਤਸਵੀਰ ਨੂੰ YourWrekin@wrekin.com 'ਤੇ ਭੇਜੋ
ਸਭ ਤੋਂ ਵਧੀਆ ਰੰਗ ਭਰੀ ਤਸਵੀਰ ਨੂੰ £50 ਦਾ ਖਰੀਦਦਾਰੀ ਵਾਊਚਰ ਇਨਾਮ ਵਜੋਂ ਮਿਲੇਗਾ।

## ਊਰਜਾ ਸੁਯੋਗਤਾ ਸ਼ਬਦ ਤਲਾਸ਼ ਪ੍ਰਤੀਯੋਗਤਾ

ਹੇਠਾਂ ਦਿੱਤੀ ਸੂਚੀ ਵਿਚਲੇ ਸਾਰੇ ਸ਼ਬਦਾਂ ਨੂੰ ਗਰਿੱਡ ਵਿੱਚ ਲੱਭਿਆ ਜਾ ਸਕਦਾ ਹੈ, ਇੱਕ ਨੂੰ ਛੱਡਕੇ। £50 ਦਾ ਖਰੀਦਦਾਰੀ ਵਾਊਚਰ ਜਿੱਤਣ ਦੇ ਮੌਕੇ ਵਾਸਤੇ, ਗੁੰਮਸ਼ੁਦਾ ਸ਼ਬਦ ਨੂੰ ਲੱਭੋ ਅਤੇ ਆਪਣੇ ਨਾਮ ਅਤੇ ਸੰਪਰਕ ਵੇਰਵਿਆਂ ਨਾਲ ਇਸਨੂੰ YourWrekin@wrekin.com 'ਤੇ ਈਮੇਲ ਕਰ ਦਿਓ।

## ਪ੍ਰਤੀਯੋਗਤਾ ਦੀਆਂ ਮਦਾਂ ਅਤੇ ਸ਼ਰਤਾਂ

ਕਿਰਪਾ ਕਰਕੇ ਆਪਣੀਆਂ ਐਂਟਰੀਆਂ ਆਪਣੇ ਨਾਮ ਅਤੇ ਸੰਪਰਕ ਵੇਰਵਿਆਂ ਦੇ ਨਾਲ ਇਸ ਪਤੇ 'ਤੇ ਈਮੇਲ ਕਰੋ:
YourWrekin@wrekin.com ਜੋ **ਸ਼ੁੱਕਰਵਾਰ 28 ਜਨਵਰੀ**, 2022 ਨੂੰ ਅੱਧੀ ਰਾਤ ਤੱਕ ਸਾਨੂੰ ਮਿਲ ਜਾਣੀਆਂ ਚਾਹੀਦੀਆਂ ਹਨ।

ਜੇ ਤੁਸੀਂ ਆਪਣੀ ਐਂਟਰੀ ਈਮੇਲ ਰਾਹੀਂ ਭੇਜਣ ਦੇ ਅਯੋਗ ਹੋ, ਤਾਂ ਤੁਸੀਂ ਇਸਨੂੰ ਇਸ ਪਤੇ 'ਤੇ ਭੇਜ ਸਕਦੇ ਹੋ:
**Your Wrekin competition, M&C, The Wrekin Housing Group, FREEPOST RTSU-ATXA-ZATE, Colliers Way, Old Park, Telford, TF3 4AW**

ਸਾਡੀਆਂ ਪ੍ਰਤੀਯੋਗਤਾਵਾਂ ਵਿੱਚ ਸ਼ਾਮਲ ਹੋਕੇ, ਤੁਸੀਂ ਪ੍ਰਚਾਰ ਦੇ ਮਕਸਦਾਂ ਵਾਸਤੇ ਤੁਹਾਡੀ ਫੋਟੋ ਲਏ ਜਾਣ ਨਾਲ ਸਹਿਮਤ ਹੁੰਦੇ ਹੋ। ਪ੍ਰਤੀਯੋਗਤਾ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੋਕ ਲਾਜ਼ਮੀ ਤੌਰ 'ਤੇ Wrekin ਦੇ ਕਿਰਾਏਦਾਰ ਹੋਣੇ ਚਾਹੀਦੇ ਹਨ। ਜੇ ਤੁਹਾਡੀ ਉਮਰ 18 ਸਾਲਾਂ ਤੋਂ ਘੱਟ ਹੈ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਬਾਲਗ ਨੂੰ ਤੁਹਾਡੇ ਵੱਲੋਂ ਸ਼ਾਮਲ ਹੋਣ ਲਈ ਕਹਿਣਾ ਚਾਹੀਦਾ ਹੈ, ਵੇਰਵਿਆਂ ਵਿੱਚ ਬੱਚੇ ਦਾ ਨਾਮ, ਉਮਰ ਅਤੇ ਬਾਲਗਾਂ ਦੇ ਸੰਪਰਕ ਵੇਰਵੇ ਲਾਜ਼ਮੀ ਤੌਰ 'ਤੇ ਸ਼ਾਮਲ ਹੋਣੇ ਚਾਹੀਦੇ ਹਨ। ਪ੍ਰਤੀਯੋਗਤਾ ਦੇ ਜੇਤੂਆਂ ਬਾਰੇ Your Wrekin ਦੇ ਅਗਲੇ ਅੰਕ ਵਿੱਚ ਸੂਚਿਤ ਕੀਤਾ ਜਾਵੇਗਾ। ਸਾਡੇ ਸੂਚਨਾ-ਪੱਤਰ ਨੂੰ ਪ੍ਰਾਪਤ ਨਾ ਕਰਨ ਦੀ ਚੋਣ ਕਰਨ ਲਈ, YourWrekin@wrekin.com 'ਤੇ ਈਮੇਲ ਭੇਜੋ